



ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ

## ਸਵਰਨ ਜੈਅੰਤੀ ਗ੍ਰਾਮ ਸਵੈ-ਰੁਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.) ਬਾਰੇ ਆਮ ਜਾਣਕਾਰੀ

### 1. ਉਦੇਸ਼

ਸਵਰਨ ਜੈਅੰਤੀ ਗ੍ਰਾਮ ਸਵੈ-ਰੁਜ਼ਗਾਰ ਯੋਜਨਾ ਦਾ ਉਦੇਸ਼ ਪਿੰਡਾਂ ਵਿੱਚ ਰਹਿ ਰਹੇ ਗ਼ਰੀਬ ਪਰਿਵਾਰਾਂ ਦੇ ਇੱਕ-ਇੱਕ ਅਜਿਹੇ ਮੈਂਬਰ ਨੂੰ, ਜਿਹੜਾ ਪਰਿਵਾਰ ਲਈ ਰੋਜ਼ੀ ਰੋਟੀ ਕਮਾਉਣ ਲਈ ਉਦਮੀ ਅਤੇ ਸਿਹਤ ਪੱਖੋਂ ਠੀਕ ਹੋਵੇ, ਬੈਂਕ ਟਾਈ ਅੱਪ ਤਹਿਤ ਸਵੈ-ਰੁਜ਼ਗਾਰ ਧੰਦਾ ਸ਼ੁਰੂ ਕਰਨ ਲਈ ਸਹਾਇਤਾ ਦਿਵਾਉਣਾ ਹੈ, ਤਾਂ ਜੋ ਇਹ ਸਵੈ-ਰੁਜ਼ਗਾਰੀ ਆਪਣੀ ਆਮਦਨ ਵਿੱਚ ਵਾਧਾ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਸਕਣ। ਇਹ ਸਹਾਇਤਾ ਬੈਂਕਾਂ ਰਾਹੀਂ ਕਰਜ਼ੇ ਦੇ ਰੂਪ ਵਿੱਚ ਦਿਵਾਈ ਜਾਂਦੀ ਹੈ, ਜਿਸ ਤੇ ਸਰਕਾਰ ਵੱਲੋਂ ਸਬਸਿਡੀ ਵੀ ਦਿੱਤੀ ਜਾਂਦੀ ਹੈ, ਤਾਂ ਜੋ ਗ਼ਰੀਬ ਲਾਭਪਾਤਰਾਂ ਦੇ ਕਰਜ਼ੇ ਦੇ ਬੋਝ ਨੂੰ ਘੱਟ ਕੀਤਾ ਜਾ ਸਕੇ। ਇਹ ਸਹਾਇਤਾ ਸਵੈ-ਸਹਾਇਤਾ ਗਰੁੱਪ ਬਣਾਕੇ ਜਾਂ ਵਿਅਕਤੀਗਤ ਤੌਰ ਤੇ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਸਵੈ-ਰੁਜ਼ਗਾਰੀ ਨੂੰ ਮੁੱਢਲੀ ਟਰੇਨਿੰਗ, ਸਮਰੱਥਾ ਉਸਾਰੀ, ਬੁਨਿਆਦੀ ਢਾਂਚਾ, ਤਕਨਾਲੋਜੀ ਅਤੇ ਮੰਡੀਕਰਨ ਆਦਿ ਸਾਰੇ ਪੱਖਾਂ ਨੂੰ ਕਵਰ ਕੀਤਾ ਜਾਂਦਾ ਹੈ। ਇਸ ਸਕੀਮ ਦਾ ਮੁੱਖ ਉਦੇਸ਼ ਸਹਾਇਤਾ ਕੀਤੇ ਪਰਿਵਾਰਾਂ ਨੂੰ ਤਿੰਨ ਸਾਲ ਦੇ ਸਮੇਂ ਵਿੱਚ ਗਰੀਬੀ ਦੀ ਰੇਖਾ ਤੋਂ ਉੱਪਰ ਉਠਾਉਣਾ ਹੈ।

### 2. ਸਹਾਇਤਾ ਪ੍ਰਾਪਤ ਕਰਨ ਲਈ ਯੋਗਤਾ

ਇਸ ਸਕੀਮ ਅਧੀਨ ਸਹਾਇਤਾ ਪ੍ਰਾਪਤ ਕਰਨ ਲਈ ਹੇਠ ਲਿਖੀ ਯੋਗਤਾ ਹੋਣੀ ਜ਼ਰੂਰੀ ਹੈ :-

(ੳ) ਬਿਨੈਕਾਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਿਸੇ ਵੀ ਪਿੰਡ ਦਾ ਵਸਨੀਕ ਹੋਵੇ।

(ਅ) ਬਿਨੈਕਾਰ ਦੇ ਪਰਿਵਾਰ ਦੇ ਮੁੱਖੀ ਦਾ ਨਾਂ ਬੀ.ਪੀ.ਐਲ. ਸਰਵੇ ਦੀ ਲਿਸਟ ਵਿੱਚ ਹੋਵੇ।

(ੲ) ਬਿਨੈਕਾਰ ਦੀ ਉਮਰ 18 ਸਾਲ ਤੋਂ 60 ਸਾਲ ਦੇ ਦਰਮਿਆਨ ਹੋਵੇ।

(ਸ) ਉਹ ਦਿਮਾਗੀ/ਸਿਹਤ ਪੱਖੋਂ ਠੀਕ ਹੋਵੇ ਭਾਵ ਸਵੈ-ਰੁਜ਼ਗਾਰ ਧੰਦਾ ਕਰਨ ਦੇ ਯੋਗ ਹੋਵੇ।

### 3. ਸਵੈ-ਰੁਜ਼ਗਾਰੀ ਦੀ ਚੋਣ

ਇਸ ਸਕੀਮ ਅਧੀਨ ਸਵੈ-ਰੁਜ਼ਗਾਰੀਆਂ ਦੀ ਮੁੱਢਲੀ ਚੋਣ ਗ੍ਰਾਮ ਸਭਾ ਰਾਹੀਂ ਕਰਵਾਈ ਜਾਂਦੀ ਹੈ। ਪਰੰਤੂ ਸੰਭਾਵੀ ਸਵੈ-ਰੁਜ਼ਗਾਰੀ ਦੀ ਕਿਸੇ ਕਾਰਜ ਵਿੱਚ ਰੁਚੀ ਯੋਗਤਾ ਯਕੀਨੀ ਕਰਨ ਲਈ ਅੰਤਿਮ ਚੋਣ ਬੀ.ਡੀ.ਪੀ.ਓ. ਜਾਂ ਉਸ ਦਾ ਨੁਮਾਇੰਦਾ, ਬੈਂਕ ਅਧਿਕਾਰੀ ਅਤੇ ਸਰਪੰਚ ਤੇ ਅਧਾਰਤ 3-ਮੈਂਬਰੀ ਕਮੇਟੀ ਵੱਲੋਂ ਕੀਤੀ ਜਾਂਦੀ ਹੈ। ਇਹ ਕਮੇਟੀ ਗ੍ਰਾਮ ਸਭਾ ਵੱਲੋਂ ਤਿਆਰ ਕੀਤੀ ਲਿਸਟ ਵਿੱਚ ਦਰਜ ਵਿਅਕਤੀਆਂ ਦੀ ਬਸਤੀ ਵਿੱਚ ਜਾ ਕੇ ਸਕੀਮ ਦਾ ਪ੍ਰਚਾਰ ਕਰਦੀ ਹੈ ਅਤੇ ਯੋਗ ਸਵੈ-ਰੁਜ਼ਗਾਰੀਆਂ ਦੀ ਚੋਣ ਕਰਕੇ ਸਹਾਇਤਾ ਦੇਣ ਦੀ ਸਿਫਾਰਸ਼ ਕਰਦੀ ਹੈ। ਇਸ ਮੰਤਵ ਲਈ ਕਈ ਵਾਰ ਪਿੰਡਾਂ ਵਿੱਚ ਸਪੈਸ਼ਲ ਸ਼ਨਾਖ਼ਤੀ ਕੈਂਪਾਂ ਦਾ ਵੀ ਆਯੋਜਨ ਕੀਤਾ ਜਾਂਦਾ ਹੈ। ਚੋਣ ਕਰਨ ਉਪਰੰਤ ਇੰਨ੍ਹਾਂ ਬਿਨੈਕਾਰਾਂ ਦੀਆਂ ਲਿਸਟਾਂ/ਫਾਰਮ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਨੂੰ ਭੇਜੇ ਜਾਂਦੇ ਹਨ, ਜੋ ਕਿ ਇੰਨ੍ਹਾਂ ਵਿਚੋਂ ਯੋਗ ਬਿਨੈਕਾਰਾਂ ਨੂੰ ਬੈਂਕਾਂ ਤੋਂ ਸਹਾਇਤਾ ਦਿਵਾਉਣ ਲਈ ਅਗਲੀ ਕਾਰਵਾਈ ਕਰਦੀ ਹੈ।

4. **ਕਰਜ਼ੇ ਦੀ ਮੰਨਜ਼ੂਰੀ ਅਤੇ ਅਦਾਇਗੀ**

3-ਮੈਂਬਰੀ ਕਮੇਟੀ ਵੱਲੋਂ ਸਿਫਾਰਸ਼ ਕੀਤੇ ਬਿਨੈਕਾਰਾਂ ਦੇ ਕੇਸ ਡੀ.ਆਰ.ਡੀ.ਏ. ਵੱਲੋਂ ਸੰਬੰਧਤ ਬੈਂਕ ਬਰਾਂਚਾਂ ਨੂੰ ਭੇਜੇ ਜਾਂਦੇ ਹਨ। ਬੈਂਕ ਬਰਾਂਚਾਂ ਵੱਲੋਂ ਇਨ੍ਹਾਂ ਵਿੱਚੋਂ ਟੀਚੇ ਅਨੁਸਾਰ ਯੋਗ ਬਿਨੈਕਾਰਾਂ ਦੇ ਕੇਸ 15 ਦਿਨਾਂ ਦੇ ਅੰਦਰ-ਅੰਦਰ ਮੰਨਜ਼ੂਰ ਕਰਨੇ ਹੁੰਦੇ ਹਨ ਜਿਸ ਉਪਰੰਤ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਬੈਂਕ ਵਲੋਂ ਮਨਜ਼ੂਰ ਕੀਤੇ ਕੇਸਾਂ ਦੀ ਸਬਸਿਡੀ ਸਬੰਧਤ ਬਰਾਂਚ ਨੂੰ ਭੇਜਦੀ ਹੈ ਅਤੇ ਬੈਂਕ ਵਲੋਂ ਸਵੈ-ਰੁਜ਼ਗਾਰੀ ਨੂੰ ਯੂਨਿਟ ਕਾਸਟ ਮੁਤਾਬਕ ਕਰਜ਼ੇ ਦੀ ਅਦਾਇਗੀ ਮਹੀਨੇ ਦੇ ਅੰਦਰ-ਅੰਦਰ ਕੀਤੀ ਜਾਂਦੀ ਹੈ।

5. **ਸਬਸਿਡੀ ਦੀ ਰਕਮ**

ਇਸ ਸਕੀਮ ਅਧੀਨ ਨਿਵੇਸ਼ ਦਾ ਮੁੱਖ ਹਿੱਸਾ ਬੈਂਕ ਕਰਜ਼ੇ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਸਬਸਿਡੀ ਸਿਰਫ ਥੋੜ੍ਹਾ ਜਿਹਾ ਅਤੇ ਯੋਗ ਕਰਨ ਯੋਗ ਹਿੱਸਾ ਹੈ। ਇਸ ਸਕੀਮ ਤਹਿਤ ਅੰਗਹੀਣ ਲਾਭਪਾਤਰਾਂ ਅਤੇ ਅਨੁਸੂਚਿਤ ਜਾਤੀ ਦੇ ਵਿਅਕਤੀਗਤ ਲਾਭਪਾਤਰਾਂ ਨੂੰ ਪ੍ਰੋਜੈਕਟ ਲਾਗਤ ਦਾ 50 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 1000/- ਰੁਪਏ ਪ੍ਰਤੀ ਲਾਭਪਾਤਰ ਸਬਸਿਡੀ ਦਿੱਤੀ ਜਾਂਦੀ ਹੈ ਜਦੋਂ ਕਿ ਦੂਜੀਆਂ ਜਾਤਾਂ ਦੇ ਵਿਅਕਤੀਗਤ ਲਾਭਪਾਤਰਾਂ ਨੂੰ ਪ੍ਰੋਜੈਕਟ ਲਾਗਤ ਦਾ 33-1/3 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 7500/- ਰੁਪਏ ਪ੍ਰਤੀ ਲਾਭਪਾਤਰ ਸਬਸਿਡੀ ਦਿੱਤੀ ਜਾਂਦੀ ਹੈ। ਸਵੈ-ਸਹਾਇਤਾ ਗਰੁੱਪਾਂ ਨੂੰ ਪ੍ਰੋਜੈਕਟ ਲਾਗਤ ਦਾ 50 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 1.25 ਲੱਖ ਰੁਪਏ ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਦੀਆਂ ਸੋਧੀਆਂ ਹੋਈਆਂ ਗਾਈਡ ਲਾਈਨਾਂ ਮੁਤਾਬਕ ਗਰੁੱਪ ਦੇ ਮੈਂਬਰਾਂ ਨੂੰ 10000/- ਰੁਪਏ ਪ੍ਰਤੀ ਮੈਂਬਰ ਵੱਧ ਤੋਂ ਵੱਧ ਸਬਸਿਡੀ ਦਿੱਤੀ ਜਾਂਦੀ ਹੈ।

6. **ਬੈਂਕ ਐਂਡ ਸਬਸਿਡੀ**

ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਵੱਲੋਂ ਰਲੀਜ਼ ਕੀਤੀ ਗਈ ਸਬਸਿਡੀ ਦੀ ਰਕਮ ਬੈਂਕ ਬਰਾਂਚ ਵੱਲੋਂ ਸਬਸਿਡੀ ਰਿਜ਼ਰਵ ਅਕਾਉਂਟ ਵਿੱਚ ਰੱਖੀ ਜਾਂਦੀ ਹੈ ਅਤੇ ਸਵੈ-ਰੁਜ਼ਗਾਰੀ ਨੂੰ ਪ੍ਰੋਜੈਕਟ ਲਾਗਤ ਮੁਤਾਬਕ ਕਰਜ਼ੇ ਦੀ ਅਦਾਇਗੀ ਕੀਤੀ ਜਾਂਦੀ ਹੈ। ਬੈਂਕ ਵਿੱਚ ਰੱਖੀ ਗਈ ਸਬਸਿਡੀ ਦੀ ਰਾਸ਼ੀ ਤੇ ਲਾਭਪਾਤਰ ਨੂੰ ਕੋਈ ਵਿਆਜ਼ ਨਹੀਂ ਦਿੱਤਾ ਜਾਂਦਾ ਅਤੇ ਨਾ ਹੀ ਇੰਨ੍ਹੀ ਰਾਸ਼ੀ ਦਾ ਵਿਆਜ਼ ਲਾਭਪਾਤਰ ਤੋਂ ਬੈਂਕ ਵਲੋਂ ਲਿਆ ਜਾਂਦਾ ਹੈ। ਲਾਭਪਾਤਰ ਵਲੋਂ ਕਰਜ਼ੇ ਦੀ ਵਾਪਸੀ ਦੇ ਅੰਤ ਵਿੱਚ ਬਕਾਇਆ ਕਰਜ਼ੇ ਦੀ ਰਾਸ਼ੀ ਵਿੱਚ ਉਸ ਦੀ ਸਬਸਿਡੀ ਅਡਜਸਟ ਕਰ ਦਿੱਤੀ ਜਾਂਦੀ ਹੈ।

7. **ਕਰਜ਼ੇ ਦੀਆਂ ਕਿਸ਼ਤਾਂ ਅਤੇ ਵਿਆਜ ਦੀ ਦਰ**

ਇਸ ਸਕੀਮ ਅਧੀਨ ਸਹਾਇਤਾ ਕੀਤੇ ਗਏ ਸਵੈ-ਰੁਜ਼ਗਾਰੀਆਂ ਤੋਂ ਬੈਂਕਾਂ ਵਲੋਂ ਘੱਟ ਵਿਆਜ਼ ਦੀ ਦਰ (11-12 ਪ੍ਰਤੀਸ਼ਤ ਸਲਾਨਾ) ਤੇ ਕਰਜ਼ਾ ਦਿੱਤਾ ਜਾਂਦਾ ਹੈ। ਜਿਸ ਦੀ ਰਿਕਵਰੀ 5 ਸਾਲ ਤੋਂ 7 ਸਾਲ ਦੇ ਸਮੇਂ ਵਿੱਚ ਯੂਨਿਟ ਕਾਸਟ ਮੁਤਾਬਕ ਤਹਿ ਕੀਤੀਆਂ ਅਸਾਨ ਕਿਸ਼ਤਾਂ ਵਿੱਚ ਕੀਤੀ ਜਾਂਦੀ ਹੈ। ਜਿਹੜੇ ਲਾਭਪਾਤਰ ਬੈਂਕ ਦੀਆਂ ਕਿਸ਼ਤਾਂ ਠੀਕ ਤਰੀਕੇ ਨਾਲ ਵਾਪਸ ਕਰ ਦਿੰਦੇ ਹਨ, ਉਹਨਾਂ ਨੂੰ ਲੋੜ ਪੈਣ ਤੇ ਦੁਬਾਰਾ ਬੈਂਕ ਵਲੋਂ ਹੋਰ ਵੀ ਸਹਾਇਤਾ ਦਿੱਤੀ ਜਾਂਦੀ ਹੈ, ਤਾਂ ਜੋ ਲਾਭਪਾਤਰ ਆਪਣਾ ਕਾਰੋਬਾਰ ਵਧਾ ਸਕਣ।

8. **ਸਵੈ-ਸਹਾਇਤਾ ਗਰੁੱਪਾਂ ਲਈ ਰਿਵਾਲਵਿੰਗ ਫੰਡ ਦੀ ਸਹੂਲਤ**

ਇਸ ਸਕੀਮ ਅਧੀਨ ਬਣਾਏ ਗਏ ਸਵੈ-ਸਹਾਇਤਾ ਗਰੁੱਪਾਂ ਨੂੰ 6 ਮਹੀਨੇ ਦੇ ਸਮੇਂ ਤੋਂ ਬਾਅਦ ਪਹਿਲੀ ਗਰੇਡਿੰਗ ਕਰਕੇ ਠੀਕ ਪਾਏ ਗਏ ਗਰੁੱਪਾਂ ਲਈ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਵੱਲੋਂ 10000/- ਰੁਪਏ ਪ੍ਰਤੀ ਗਰੁੱਪ ਰਿਵਾਲਵਿੰਗ ਫੰਡ ਵਜੋਂ ਸਬੰਧਤ ਬੈਂਕ ਨੂੰ ਰਲੀਜ਼ ਕੀਤਾ ਜਾਂਦਾ ਹੈ ਅਤੇ ਉਸ ਬੈਂਕ ਬਰਾਂਚ ਵੱਲੋਂ ਗਰੁੱਪ ਨੂੰ 25000/- ਰੁਪਏ ਦੀ ਕੈਸ਼ ਕਰੈਡਿਟ ਲਿਸਟ ਦਿੱਤੀ ਜਾਂਦੀ ਹੈ। ਜਿਸ ਵਿਚੋਂ 10000/- ਰੁਪਏ ਦੇ ਰਿਵਾਲਵਿੰਗ ਫੰਡ ਉਪਰ ਗਰੁੱਪ ਤੋਂ ਕੋਈ ਵਿਆਜ਼ ਨਹੀਂ ਲਿਆ ਜਾਂਦਾ। ਇਹ ਫੰਡ ਗਰੁੱਪ ਮੈਂਬਰਾਂ ਦੀਆਂ ਘਰੇਲੂ

ਲੋੜਾਂ ਦੀ ਪੂਰਤੀ ਅਤੇ ਗਰੁੱਪ ਨੂੰ ਬੈਂਕ ਨਾਲ ਲੈਣ ਦੇਣ ਕਰਨ ਦੀ ਆਦਤ ਪਾਉਣ ਲਈ ਦਿੱਤਾ ਜਾਂਦਾ ਹੈ। ਇਸ ਨੂੰ ਪਰਖ ਸਮਾਂ ਵੀ ਕਿਹਾ ਜਾ ਸਕਦਾ ਹੈ। ਜਿਸ ਵਿਚੋਂ ਸਫਲ ਹੋਣ ਵਾਲੇ ਗਰੁੱਪਾਂ ਨੂੰ ਆਰਥਿਕ ਗਤੀਵਿਧੀਆਂ ਵਿੱਚ ਕਰਜ਼ਾ ਦਿਵਾਇਆ ਜਾਂਦਾ ਹੈ।

**9. ਪ੍ਰਮੁੱਖ ਆਰਥਿਕ ਗਤੀਵਿਧੀਆਂ**

ਇਸ ਸਕੀਮ ਅਧੀਨ ਜ਼ਿਲ੍ਹੇ ਵਿੱਚ ਵਿਅਕਤੀਗਤ ਲਾਭਪਾਤਰਾਂ ਲਈ 12 ਪ੍ਰਮੁੱਖ ਆਰਥਿਕ ਗਤੀਵਿਧੀਆਂ ਦੀ ਚੋਣ ਬਲਾਕ ਪੱਧਰੀ ਐਸ.ਜੀ.ਐਸ.ਵਾਈ. ਕਮੇਟੀ ਵਲੋਂ ਸਾਲ 1999-2000 ਵਿੱਚ ਕੀਤੀ ਗਈ ਸੀ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

| **ਲੜੀ ਨੰ:** | **ਗਤੀਵਿਧੀ ਦਾ ਨਾਂ** | **ਕੁੱਲ ਪ੍ਰੋਜੈਕਟ ਲਾਗਤ** |
|---|---|---|
| 1. | ਸਿਲਾਈ ਕਢਾਈ ਦਾ ਕੰਮ | 25000/- |
| 2. | ਚਮੜੇ ਦਾ ਕੰਮ (ਜੁੱਤੀਆਂ, ਬੈਗ ਆਦਿ ਬਨਾਉਣਾ) | 40000/- |
| 3. | ਸੂਰ ਪਾਲਣ ਦਾ ਕੰਮ | 31500/- |
| 4. | ਲੁਹਾਰਾ ਕੰਮ (ਗੇਟ, ਗਰਿੱਲਾਂ ਆਦਿ ਬਨਾਉਣਾ) | 31000/- |
| 5. | ਤਰਖਾਣਾ ਕੰਮ (ਫਰਨੀਚਰ, ਦਰਵਾਜ਼ੇ, ਖਿੜਕੀਆਂ ਆਦਿ ਬਨਾਉਣਾ) | 50000/- |
| 6. | ਬੂਟਿਆਂ ਦੀ ਨਰਸਰੀ ਸਥਾਪਤ ਕਰਨਾ | 25000/- |
| 7. | ਮੱਛੀ ਪਾਲਣ ਦਾ ਕੰਮ | 50000/- |
| 8. | ਫੂਡ ਪ੍ਰੋਸੈਸਿੰਗ (ਅਚਾਰ, ਮੁਰੱਬਾ ਆਦਿ ਤਿਆਰ ਕਰਨਾ) | 50000/- |
| 9. | ਮਧੂ ਮੱਖੀਆਂ ਪਾਲਣ ਦਾ ਕੰਮ | 45000/- |
| 10. | ਬਿਜਲੀ ਦਾ ਕੰਮ (ਮੋਟਰ ਵਾਈਂਡਿੰਗ ਅਤੇ ਰਿਪੇਅਰ) | 50000/- |
| 11. | ਹੱਥ ਖੱਡੀ (ਦਰੀਆਂ, ਖੇਸ ਆਦਿ ਬਨਾਉਣਾ) | 25000/- |
| 12. | ਕਰਿਆਨਾ, ਕੱਪੜਾ ਆਦਿ ਕਿਸੇ ਕਿਸਮ ਦੀ ਦੁਕਾਨ ਖੋਲਣਾ | 35000/- |
| 13. | ਡੇਅਰੀ (2 ਮੱਝਾਂ ਦਾ ਯੂਨਿਟ) | 30000/- |
| 14. | ਖੱਚਰ ਰੇਹੜਾ, ਘੋੜਾ ਰੇਹੜਾ | 35000/- |

**10. ਟੀਚਿਆਂ ਦੀ ਪੂਰਤੀ ਸਮੇਂ ਵੱਖ-ਵੱਖ ਵਰਗਾਂ ਨੂੰ ਪਹਿਲ**

ਇਸ ਸਕੀਮ ਅਧੀਨ ਹਰ ਸਾਲ ਟੀਚਿਆਂ ਦੀ ਪੂਰਤੀ ਸਮੇਂ ਸਹਾਇਤਾ ਕਰਨ ਵਾਲੇ ਕੁੱਲ ਸਵੈ-ਰੁਜ਼ਗਾਰੀਆਂ ਵਿੱਚੋਂ 50 ਪ੍ਰਤੀਸ਼ਤ ਅਨੁਸੂਚਿਤ ਜਾਤਾਂ, 40 ਪ੍ਰਤੀਸ਼ਤ ਔਰਤਾਂ ਅਤੇ 3 ਪ੍ਰਤੀਸ਼ਤ ਅੰਗਹੀਣ ਲਾਭਪਾਤਰਾਂ ਨੂੰ ਪਹਿਲ ਦੇ ਅਧਾਰ ਤੇ ਸਹਾਇਤਾ ਦਿਵਾਈ ਜਾਂਦੀ ਹੈ।

**11. ਕਰਜ਼ੇ ਦੀ ਵਾਪਸੀ**

ਇਸ ਸਕੀਮ ਅਧੀਨ ਦਿੱਤੇ ਗਏ ਕਰਜ਼ੇ ਦੀ ਰਿਕਵਰੀ ਅਸਾਨ ਕਿਸ਼ਤਾਂ ਵਿੱਚ 5-7 ਸਾਲ ਦੇ ਸਮੇਂ ਵਿੱਚ ਕੀਤੀ ਜਾਂਦੀ ਹੈ। ਹਰ ਇੱਕ ਪਿੰਡ ਦੀ ਰਿਕਵਰੀ 80 ਪ੍ਰਤੀਸ਼ਤ ਤੋਂ ਵੱਧ ਹੋਣੀ ਜ਼ਰੂਰੀ ਹੈ। ਜੇਕਰ ਇਹ ਰਿਕਵਰੀ ਇਸ ਤੋਂ ਘੱਟ ਹੋਵੇਗੀ ਤਾਂ ਉਸ ਪਿੰਡ ਨੂੰ ਬਲੈਕ ਲਿਸਟ ਕੀਤਾ ਜਾ ਸਕਦਾ ਹੈ ਭਾਵ ਅੱਗੇ ਤੋਂ ਉਸ ਪਿੰਡ ਦੇ ਵਿਅਕਤੀਆਂ ਨੂੰ ਬੈਂਕ ਵੱਲੋਂ ਕਰਜ਼ਾ ਨਹੀਂ ਦਿੱਤਾ ਜਾਵੇਗਾ। ਕਰਜ਼ੇ ਦੀ ਵਾਪਸੀ ਲਈ ਗ੍ਰਾਮ ਪੰਚਾਇਤ ਮਹੱਤਵਪੂਰਨ ਰੋਲ ਅਦਾ ਕਰ ਸਕਦੀ ਹੈ। ਉਹ ਆਪਣੇ ਪਿੰਡ ਦੇ ਲਾਭਪਾਤਰਾਂ ਨੂੰ ਕਰਜ਼ੇ ਦੀ ਵਾਪਸੀ ਰੈਗੂਲਰ ਕਰਨ ਲਈ ਦਬਾਅ ਪਾ ਸਕਦੀ ਹੈ ਤਾਂ ਜੋ ਪਿੰਡ ਦੇ ਲੋਕਾਂ ਨੂੰ ਬੈਂਕਾਂ ਤੋਂ ਵੱਧ ਤੋਂ ਵੱਧ ਸਹਾਇਤਾ ਮਿਲਦੀ ਰਹੇ। ਹਰ ਇੱਕ ਲਾਭਪਾਤਰ ਦਾ ਵੀ ਫਰਜ਼

ਬਣਦਾ ਹੈ ਕਿ ਉਹ ਬੈਂਕ ਦੇ ਕਰਜ਼ੇ ਦੀ ਵਾਪਸੀ ਲਗਾਤਾਰ ਕਰਦਾ ਰਹੇ ਕਿਉਂਕਿ ਇਹ ਸਰਕਾਰ ਦਾ ਹੀ ਧੰਨ ਹੁੰਦਾ ਹੈ ਜੋ ਕਿ ਕਰਜ਼ੇ ਦੇ ਰੂਪ ਵਿੱਚ ਲੋਕਾਂ ਨੂੰ ਦਿੱਤਾ ਜਾਂਦਾ ਹੈ। ਜਿਸ ਦੀ ਵਾਪਸੀ ਉਪਰੰਤ ਇਹ ਕਿਸੇ ਹੋਰ ਲਾਭਪਾਤਰ ਦੇ ਕੰਮ ਆ ਸਕਦਾ ਹੈ।

## ਸਵੈ-ਸਹਾਇਤਾ ਸਮੂਹ (ਸੈਲ.ਫ ਹੈਲਪ ਗਰੁੱਪ) ਬਾਰੇ ਆਮ ਜਾਣਕਾਰੀ

**1. ਸਵੈ-ਸਹਾਇਤਾ ਸਮੂਹ ਕੀ ਹੈ**

10 ਤੋਂ 20 ਮੈਂਬਰਾਂ ਦੁਆਰਾ ਬਣਾਏ ਗਏ ਗਰੁੱਪ ਨੂੰ ਸਵੈ-ਸਹਾਇਤਾ ਸਮੂਹ ਆਖਦੇ ਹਨ। ਗਰੁੱਪ ਦੇ ਮੈਂਬਰ ਆਪਣੀ ਸਹਾਇਤਾ ਆਪ ਕਰਨ ਦੇ ਇਰਾਦੇ ਨਾਲ ਸਮੂਹ ਵਿੱਚ ਸ਼ਾਮਲ ਹੁੰਦੇ ਹਨ। ਗਰੁੱਪ ਵੱਲੋਂ ਆਪਣੇ ਮੈਂਬਰਾਂ ਦੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਕੰਮਾਂ ਵਿੱਚ ਸਹਾਇਤਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਉਹ ਇੱਕ ਦੂਜੇ ਦੇ ਕੰਮ ਆ ਕੇ ਸੱਭਿਆਚਾਰਕ ਸਾਂਝ ਦਾ ਸਬੂਤ ਦਿੰਦੇ ਹਨ ਅਤੇ ਗ਼ਰੀਬੀ ਦੀ ਰੇਖਾ ਤੋਂ ਉਪਰ ਉਠਣ ਲਈ ਮਿਲਕੇ ਹੰਭਲਾ ਮਾਰਦੇ ਹਨ।

**2. ਸਵੈ-ਸਹਾਇਤਾ ਸਮੂਹ ਨੂੰ ਐਸ.ਜੀ.ਐਸ.ਵਾਈ. ਸਕੀਮ ਅਧੀਨ ਆਰਥਿਕ ਗਤੀਵਿਧੀਆਂ ਵਿੱਚ ਕਰਜ਼ਾ ਦਿਵਾਉਣਾ**

ਇੱਕ ਸਾਲ ਦਾ ਸਮਾਂ ਪੂਰਾ ਹੋਣ ਵਾਲੇ ਗਰੁੱਪ ਨੂੰ ਗਰੁੱਪ ਦੇ ਮੈਂਬਰਾਂ ਦੀ ਲੋੜ ਅਨੁਸਾਰ ਸਵੈ-ਰੁਜ਼ਗਾਰ ਧੰਦੇ ਸ਼ੁਰੂ ਕਰਨ ਲਈ ਬੈਂਕਾਂ ਰਾਹੀਂ ਘੱਟ ਵਿਆਜ਼ ਤੇ ਕਰਜ਼ਾ ਦਿਵਾਇਆ ਜਾਂਦਾ ਹੈ, ਜਿਸ ਦੀ ਕੋਈ ਉਪਰਲੀ ਸੀਮਾ ਨਹੀਂ। ਇਸ ਕਰਜ਼ੇ ਉਪਰ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਵੱਲੋਂ ਪ੍ਰਤੀ ਮੈਂਬਰ 10,000/- ਰੁਪਏ ਜਾਂ ਵੱਧ ਤੋਂ ਵੱਧ 1.25 ਲੱਖ ਰੁਪਏ ਪ੍ਰਤੀ ਗਰੁੱਪ ਸਬਸਿਡੀ ਵੀ ਦਿੱਤੀ ਜਾਂਦੀ ਹੈ। ਬੈਂਕਾਂ ਵੱਲੋਂ ਕਰਜ਼ੇ ਦੀ ਰਿਕਵਰੀ ਅਸਾਨ ਕਿਸ਼ਤਾਂ ਵਿੱਚ ਕੀਤੀ ਜਾਂਦੀ ਹੈ।

**3. ਮਾਰਕੀਟਿੰਗ ਵਿੱਚ ਸਹਾਇਤਾ**

ਸਮੂਹ ਵੱਲੋਂ ਤਿਆਰ ਕੀਤੇ ਸਮਾਨ ਦੀ ਵਿਕਰੀ ਲਈ ਵੀ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਵੱਲੋਂ ਸਹਾਇਤਾ ਦਿੱਤੀ ਜਾਂਦੀ ਹੈ। ਗਰੁੱਪ ਦੇ ਸਮਾਨ ਦੀ ਵਿਕਰੀ ਲਈ ਵੱਡੇ ਸ਼ਹਿਰਾਂ ਵਿੱਚ ਵਪਾਰੀਆਂ ਨਾਲ ਤਾਲਮੇਲ ਕਰਕੇ ਸਮਾਨ ਦੀ ਵਿਕਰੀ ਯਕੀਨੀ ਬਣਾਈ ਜਾਂਦੀ ਹੈ। ਸਮਾਨ ਦੀ ਢੋਆ-ਢੁਆਈ ਲਈ ਗਰੁੱਪਾਂ ਨੂੰ ਵਹੀਕਲ ਵੀ ਖ਼ਰੀਦ ਕੇ ਦਿੱਤਾ ਜਾ ਸਕਦਾ ਹੈ।

**4. ਸਮੂਹ ਬੀਮਾ ਯੋਜਨਾ**

ਇਸ ਸਕੀਮ ਅਧੀਨ ਸਹਾਇਤਾ ਪ੍ਰਾਪਤ ਕਰਨ ਵਾਲੇ ਲਾਭਪਾਤਰ ਆਪਣੇ ਆਪ ਹੀ ਸਮੂਹ ਬੀਮਾ ਯੋਜਨਾ ਤਹਿਤ ਆ ਜਾਂਦੇ ਹਨ। ਕਿਸੇ ਲਾਭਪਾਤਰ ਦੀ ਦੁਰਘਟਨਾ ਨਾਲ ਮੌਤ ਹੋਣ ਤੇ ਵਾਰਸ ਨੂੰ ਭਾਰਤੀਯਾ ਜੀਵਨ ਬੀਮਾ ਨਿਗਮ ਵੱਲੋਂ 12,000/- ਰੁਪਏ ਅਤੇ ਕੁਦਰਤੀ ਮੌਤ ਹੋਣ ਤੇ 6,000/- ਰੁਪਏ ਦਿੱਤੇ ਜਾਂਦੇ ਹਨ।